# ਅੰਮ੍ਰਿਤ ਕੀਰਤਨ

ਅੰਕ 5 ਸਾਲ ਛੇਵਾਂ ਮਈ, 1994



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ, 422 ਸੈਕਟਰ 15-ਏ, ਚੰਡੀਗੜ੍ਹ ਫੋਨ : 24660

# ਅੰਮ੍ਰਿਤ ਕੀਰਤਨ

ਅੰਕ 5 ਸਾਲ ਛੇਵਾਂ ਮਈ, 1994

**ਸੰਪਾਦਕ (ਆਨਰੇਰੀ)**
ਡਾ. ਜਾਗੀਰ ਸਿੰਘ
**ਸਹਿਯੋਗੀ**
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਸ੍ਰ. ਹਰਿਭਜਨ ਸਿੰਘ ਚੋਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ
**ਚਿੱਤਰਕਾਰ**
ਗੁਰਦੀਪ ਸਿੰਘ ਦੀਪ

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ,
ਚੰਡੀਗੜ੍ਹ-160 015
ਫੋਨ : 24660

**ਚੰਦੇ ਦਾ ਵੇਰਵਾ**
ਇਕ ਕਾਪੀ 5 ਰੁਪਏ
ਦੇਸ਼ ਸਲਾਨਾ 50 ਰੁਪਏ
ਜੀਵਨ ਮੈਂਬਰ 500 ਰੁਪਏ
ਵਿਦੇਸ਼ ਸਲਾਨਾ 500 ਰੁਪਏ
ਜੀਵਨ ਮੈਂਬਰ 5000 ਰੁਪਏ

1] ਤੁਹਾਡੇ ਪੱਤਰ 1

2] ਰਾਗੁ ਮਲ੍ਹਾਰ 4

3] ਸੁਰ ਵਿਚ ਹੋਣਾ
—ਸਿੰਘ ਬੰਧੂ ਸੁਰਿੰਦਰ ਸਿੰਘ

4] ਅਧਿਕਾਰ ਪੱਤਰ 14
—ਟੀ ਸੀ ਨਾਗਪਾਲ

5] ਪੁਸਤਕ ਰੀਵਿਊ 15

**ਨੋਟ :** ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ । ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।

'ਅੰਮਿਤ ਕੀਰਤਨ' ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਣਿਤ ਹੈ ।

# ਤੁਹਾਡੇ ਪੱਤਰ

ਅੰਮ੍ਰਿਤ ਕੀਰਤਨ ਸਾਨੂੰ ਬਹੁਤ ਪਸੰਦ ਹੈ। ਸ੍ਰ. ਹਰਜਾਪ ਸਿੰਘ ਹੋਰਾਂ ਹੱਥ ਚੈੱਕ ਭੇਜ ਰਹੇ ਹਾਂ। ਹਰ ਮਹੀਨੇ ਭੇਜਦੇ ਰਹਿਣਾ।

—ਇੰਦਰਪਾਲ ਸਿੰਘ, ਗੁਰਪ੍ਰਕਾਸ਼ ਸਿੰਘ,
ਸਰਬਪ੍ਰੀਤ ਸਿੰਘ, ਯੂ. ਐਸ. ਏ.

ਅੰਮ੍ਰਿਤ ਕੀਰਤਨ ਹੁਣ ਮੇਰੇ ਜੀਵਨ ਦੀ ਇਕ ਲੋੜ ਬਣ ਗਿਆ ਹੈ। ਇਸ ਲਈ ਇਸ ਨੂੰ ਭੇਜਦੇ ਰਹਿਣਾ।

—ਪ੍ਰੋ. ਗੁਰਦਰਸ਼ਨ ਸਿੰਘ ਧੰਜਲ,
ਫਗਵਾੜਾ।

'ਅੰਮ੍ਰਿਤ ਕੀਰਤਨ' ਵਿਚ ਤਾਲਾਂ ਬਾਰੇ ਜਾਣਕਾਰੀ ਦੇਣ ਦੀ ਕ੍ਰਿਪਾ ਕਰਨੀ।

—ਮਾਸਟਰ ਹੀਰਾ ਸਿੰਘ, ਸੁਰ ਸਿੰਘ
ਅੰਮ੍ਰਿਤਸਰ।

ਅੰਮ੍ਰਿਤ ਕੀਰਤਨ ਦਾ ਸਾਰਾ ਮੈਟਰ ਵਧੀਆ ਹੁੰਦਾ ਹੈ ਪੜ੍ਹਕੇ ਸਰੂਰ ਆ ਜਾਂਦਾ ਹੈ। ਗਿਆਨ ਵਿਚ ਵਾਧਾ ਹੁੰਦਾ ਹੈ।

—ਸੰਤਾ ਸਿੰਘ ਆਜਿਜ਼, ਲੁਧਿਆਣਾ।

ਅੰਮ੍ਰਿਤ ਕੀਰਤਨ ਪੜ੍ਹਿਆ! ਇਹ ਸੰਗੀਤ ਵਿਦਿਆਰਥੀਆਂ ਲਈ ਬੜਾ ਜ਼ਰੂਰੀ ਰਸਾਲਾ ਹੈ! ਦੋ ਸਾਲ ਦਾ ਚੰਦਾ ਭੇਜ ਰਹੇ ਹਾਂ ਇਸ ਨੂੰ ਜਾਰੀ ਕਰਨ ਦੀ ਕ੍ਰਿਪਾ ਕਰਨੀ।

ਪ੍ਰਿੰਸੀਪਲ-ਮਾਲਵਾ ਕਾਲਜ, ਬੌਂਦਲੀ
ਸਮਰਾਲਾ।

ਅੰਮ੍ਰਿਤ ਕੀਰਤਨ ਵਧੀਆ ਰਸਾਲਾ ਹੈ। ਇਕ ਸਾਲ ਲਈ ਜਾਰੀ ਕਰਨਾ ਜੀ

—ਗੁਰਬਚਨ ਸਿੰਘ-2 D/123,
ਐਨ ਆਈ ਟੀ ਫਰੀਦਾਬਾਦ।

ਅੰਮ੍ਰਿਤ ਕੀਰਤਨ ਵਿਰਸੇ ਦੀ ਸਹੀ ਸੰਭਾਲ ਕਰ ਰਿਹਾ ਹੈ।

ਤੇਜਾ ਸਿੰਘ ਤਿਲਕ, ਬਰਨਾਲਾ।

ਅੰਮ੍ਰਿਤ ਕੀਰਤਨ ਸਾਡੀ ਲਾਇਬਰੇਰੀ ਵਿਚ ਨਿਵੇਕਲਾ ਸਥਾਨ ਰਖਦਾ ਹੈ।

—ਪ੍ਰਿਸੀਪਲ, ਖਾਲਸਾ ਮਾਡਲ ਸਕੂਲ ਸਮਰਾਇ
ਜਲੰਧਰ।

ਫਰਵਰੀ ਮਹੀਨੇ ਦਾ ਅੰਮ੍ਰਿਤ ਕੀਰਤਨ ਬੜਾ ਪਿਆਰਾ ਅਨੰਦਮਈ ਹੈ। ਸ੍ਰ. ਬਲਵਿੰਦਰ ਸਿੰਘ ਹੋਰਾਂ ਦਾ ਲਿਖਿਆ ਲਖ 'ਅੰਮ੍ਰਿਤ ਰਸ ਹਰਿ ਕੀਰਤਨੋ' ਬੜਾ ਚੰਗਾ ਲੱਗਾ। ਕੀਰਤਨ ਦਾ ਵਰਣਨ ਬੜਾ ਭਾਵਪੂਰਤ ਕੀਤਾ ਹੈ।

ਸੰਗੀਤ ਦਾ ਕੋਈ ਸਥੂਲ ਵਜੂਦ ਨਹੀਂ ਹੁੰਦਾ ਨਾ ਇਹ ਹਥਾਂ ਨਾਲ ਛੁਹਿਆ ਜਾ ਸਕਦਾ ਹੈ ਨਾ ਅੱਖ ਦੁਆਰਾ ਦੇਖਿਆ ਜਾ ਸਕਦਾ ਸੰਗੀਤ ਤਾਂ ਕੰਨਾਂ ਦਾ ਵਿਸ਼ਾ ਹੈ। ਇਸ ਵਿਸ਼ੇ ਬਾਰੇ ਫੁੱਲਾਂ 'ਚੋਂ ਅਤਰ ਕਢਣ ਵਾਂਗ ਅੰਮ੍ਰਿਤ ਕੀਰਤਨ' ਸੁਚੱਜੇ ਢੰਗ ਨਾਲ ਵਿਚਾਰ ਦੇ ਰਿਹਾ ਹੈ। ਅੰਮ੍ਰਿਤ ਕੀਰਤਨ ਨੂੰ ਪੜ੍ਹਨ ਨਾਲ ਕੀਰਤਨ ਸੁਣਨ ਅਤੇ ਕਰਨ ਦਾ ਵਧੇਰੇ ਅਨੰਦ ਆਉਂਦਾ ਹੈ।

— ਟੀ-ਨਰਿੰਦਰਪਾਲ ਸਿੰਘ K.G—1/21 ਵਿਕਾਸਪੁਰੀ
ਨਵੀਂ ਦਿੱਲੀ।

'ਅੰਮ੍ਰਿਤ ਕੀਰਤਨ' ਇਕ ਪਿਆਰਾ ਮੈਗਜ਼ੀਨ ਹੈ। ਇਸ ਨੂੰ ਜਾਰੀ ਰੱਖਣਾ ਚਾਹੁੰਦਾਂ। ਚੰਦਾ ਭੇਜ ਰਿਹਾ ਹਾਂ।

— ਸ੍ਰ. ਉਪਕਾਰ ਸਿੰਘ, G-64 G Block
ਹਰੀ ਨਗਰ ਨਵੀਂ ਦਿਲੀ।

'ਅੰਮ੍ਰਿਤ ਕੀਰਤਨ' ਰਾਹੀਂ ਤੁਸੀਂ ਔਖਾ ਪਰ ਜ਼ਰੂਰੀ ਕੰਮ ਕਰ ਰਹੇ ਹੋ! ਸ਼ੁਭ ਇਛਾਵਾਂ ਸਹਿਤ।

—ਸ੍ਰ. ਪ੍ਰਹਿਲਾਦ ਸਿੰਘ 124 A/314 ਬਲਾਕ-11,
ਗੋਬਿੰਦ ਨਗਰ ਕਾਨਪੁਰ ਯੂ.ਪੀ.

'ਅੰਮ੍ਰਿਤ ਕੀਰਤਨ' ਭੇਜਣ ਲਈ ਧੰਨਵਾਦ! ਚੰਦਾ ਭੇਜ ਰਿਹਾ ਹਾਂ!

—ਸ੍ਰ. ਰਾਜਿੰਦਰ ਸਿੰਘ ਬਜਾਜ 1. ਸੰਤ ਨਗਰ,
ਈਸਟ ਕੈਲਾਸ਼ ਨਵੀਂ ਦਿਲੀ।

ਵਾਹਿਗੁਰੂ ਅੰਮ੍ਰਿਤ ਕੀਰਤਨ' ਨੂੰ ਦਿਨ ਰਾਤ ਚੌਗਣੀ ਤਰੱਕ ਬਖਸ਼ੇ!

ਮਿਸਜ਼ ਬੀ. ਲਾਂਬਾ,
ਚੰਡੀਗੜ੍ਹ।

'ਅੰਮ੍ਰਿਤ ਕੀਰਤਨ' ਨੇ ਮੇਰੀ ਕੀਰਤਨ ਜਾਣਕਾਰੀ ਵਿਚ ਕਾਫੀ ਵਾਧਾ ਕੀਤਾ ਹੈ।

—ਗਿ: ਬਲਵਿੰਦਰ ਸਿੰਘ,
ਪਿੰਡ ਪਰਾਗਪੁਰ ਜ਼ਿਲਾ ਜਲੰਧਰ।

'ਅੰਮ੍ਰਿਤ ਕੀਰਤਨ' ਇਕ ਜ਼ਰੂਰੀ ਮੈਗਜ਼ੀਨ ਇਸ ਨੂੰ ਜਾਰੀ ਰਹਿਣਾ ਚਾਹੀਦਾ ਹੈ। ਇਕ ਹਜ਼ਾਰ ਰੁਪਏ ਸਹਾਇਤਾ ਵਜੋਂ ਭੇਜ ਰਿਹਾ।

—ਸ੍ਰ. ਇਕਬਾਲ ਸਿੰਘ ਚੰਡੀਗੜ੍ਹ।

'ਅੰਮ੍ਰਿਤ ਕੀਰਤਨ' ਸਾਨੂੰ ਚੰਗਾ ਲਗਦਾ ਹੈ। ਭੇਜਦੇ ਰਹਿਣਾ। ਪੰਜ ਸੌ ਰੁਪਏ ਭੇਜ ਰਹੇ ਹਾਂ :

—ਪਰਮਜੀਤ ਸਿੰਘ ਅਤੇ ਪਰਿਵਾਰ,
ਬਹਿਰੀਨ।

ਅੰਮ੍ਰਿਤ ਕੀਰਤਨ ਬਹੁਤ ਗਿਆਨ ਭਰਪੂਰ ਹੈ। ਇਸ ਉੱਦਮ ਦੀ ਸ਼ਲਾਘਾ ਕਰਨੀ ਬਣਦੀ ਹੈ।

—ਪ੍ਰੇਮ ਗੋਰਖੀ ਪੰਜਾਬੀ ਟ੍ਰਿਬਿਊਨ,
ਚੰਡੀਗੜ੍ਹ।

ਅੰਮ੍ਰਿਤ ਕੀਰਤਨ ਇਕ ਨਿਵੇਕਲਾ ਪਰ ਚੰਗਾ ਉਦਮ ਹੈ।

—ਡਾ. ਰਾਮ ਸਿੰਘ 2116/15 C,
ਚੰਡੀਗੜ੍ਹ।

ਅੰਮ੍ਰਿਤ ਕੀਰਤਨ ਦਾ ਫਰਵਰੀ 1994 ਦਾ ਅੰਕ ਮਿਲਿਆ। ਦੁਨੀਆਂ ਦੇ ਹੋਰ ਕਲਾਕਾਰਾਂ ਦੇ ਨਾਲ ਨਾਲ ਆਪ ਜੀ ਸਰਬਤ ਪਰਿਵਾਰ ਸਹਿਤ ਕੀਰਤਨ ਦਾ ਖਜ਼ਾਨਾ ਸਿਖ ਸੰਗਤਾਂ ਵਿਚ ਵੰਡ ਰਹੇ ਹੋ ਅਤੇ ਇਸ ਕਾਰਜ ਨੂੰ ਉੱਚੀ ਪੱਧਰ ਤੇ ਲੈ ਜਾਣ ਦੀ ਸੇਵਾ ਵਿਚ ਰੁਝੇ ਹੋ। ਰੱਬ ਖੈਰ ਕਰੇ।

—ਚਰਨਜੀਤ ਸਿੰਘ 9 ਟੀ. ਏ. ਸੀ. ਬਿਲਡਿੰਗ,
ਬਾਰਾਮੂਲਾ ਕਸ਼ਮੀਰ।

ਮਾਰਚ ਦੇ ਅੰਮ੍ਰਿਤ ਕੀਰਤਨ ਉਘੜਤ ਸੰਗੀਤ, ਲਛਮਣ ਚੇਲਾ ਰਾਮ ਜੀ ਬਾਰੇ, ਸ੍ਰੀ ਹਰਿਮੰਦਰ ਸਾਹਿਬ ਦੇ ਕੀਰਤਨੀਏ ਤੇ ਰਬਾਬੀ ਰਚਨਾਵਾਂ ਅਤੇ ਬਸੰਤ ਰਾਗ ਦੀ ਸੁਰ-ਲਿਪੀ ਵਧੀਆ ਰਚਨਾਵਾਂ ਹਨ।

—ਮੰਗਤ ਸਿੰਘ ਮਸਤਾਨਾ, ਗੁਰਦੁਆਰਾ ਰੋਡ,
ਮਲੋਟ।

# ਰਾਗੁ ਮਲ੍ਹਾਰ

ਰਾਗ ਮਲ੍ਹਾਰ ਬਾਰੇ ਗੁਰੂ ਅਮਰਦਾਸ ਜੀ ਦਾ ਬਚਨ ਹੈ – ਮਲ੍ਹਾਰ ਸੀਤਲ ਰਾਗ ਹੈ, ਹਰਿ ਧਿਆਇਐ ਸਾਂਤਿ ਹੋਇ ॥

ਹੋਰ ਵੀ ਹੁਕਮ ਹੈ "ਗੁਰਮੁਖਿ ਮਲਾਰ ਰਾਗੁ ਜੋ ਕਰਹਿ ਤਿਨ ਤਨੁ ਮਨੁ ਸੀਤਲੁ ਹੋਇ ॥ ਗੁਰ ਸਬਦੀ ਏਕੁ ਪਛਾਣਿਆ ਏਕੋ ਸਚਾ ਸੋਇ" ਮਲ੍ਹਾਰ ਦਾ ਪ੍ਰਭਾਵ ਹੈ ਸਾਰੇ ਪਾਸੇ ਉਤਸ਼ਾਹ ਦਾ ਵਾਤਾਵਰਨ ਹੋ ਜਾਣਾ। ਮਲ੍ਹਾਰ ਰਾਗ ਵਿਚ ਬਾਣੀ ਦਾ ਮੀਂਹ ਪੈਂਦਾ ਦਿਸੇਗਾ ਅਤੇ ਜਿਸ ਨੇ ਵੀ ਅੰਮ੍ਰਿਤ ਬੂੰਦ ਪੀ ਲਈ ਉਹ ਨਿਹਾਲ ਹੋ ਗਿਆ। "ਸਾਚੀ ਬਾਣੀ ਮੀਠੀ ਅੰਮ੍ਰਿਤਧਾਰ। ਜਿਨਿ ਪੀਤੀ ਤਿਸੁ ਮੋਖ ਦੁਆਰ" ਅੰਮ੍ਰਿਤ ਬਚਨ ਹੈ। ਇਸ ਬਾਣੀ ਵਿਚ ਬਹੁਤੇ ਸ਼ਬਦ ਮੀਂਹ ਅਤੇ ਬਬੀਹੇ ਦੇ ਸੰਬੰਧ ਨੂੰ ਹੀ ਦਰਸਾਉਂਦੇ ਹਨ।

ਇਹ ਭਾਰਤੀ ਸੰਗੀਤ ਦਾ ਬੜਾ ਪ੍ਰਸਿੱਧ ਰਾਗ ਹੈ ਨਾ ਕੇਵਲ ਸੰਗੀਤਕਾਰਾਂ ਵਿਚ ਸਗੋਂ ਜਨ-ਸਾਧਾਰਣ ਲੋਕਾਂ ਵਿਚ ਬਹੁਤ ਪ੍ਰਿਅ ਹੈ। ਮਲ੍ਹਾਰ ਇਕ ਮੌਸਮੀ ਰਾਗ ਹੈ। ਭਾਰਤ ਦੀ ਭਗੋਲਿਕ ਸਥਿਤੀ ਅਨੁਸਾਰ ਇਸ ਰਾਗ ਦਾ ਗਾਇਨ ਸਾਵਣ ਭਾਦਰੋਂ ਦੇ ਮਹੀਨਿਆਂ ਵਿਚ ਵਧੇਰੇ ਕੀਤਾ ਜਾਂਦਾ ਹੈ। ਬਰਖਾ ਰੁਤ ਵਿਚ ਇਹ ਹਰ ਸਮੇਂ ਗਾਇਆ ਜਾ ਸਕਦਾ ਹੈ। ਉਂਝ ਇਹ ਰਾਤ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ।

ਇਸ ਰਾਗ ਦੇ ਕਈ ਪਰਕਾਰ ਹਨ ਜਿਵੇਂ ਗੌਂਡ ਮਲ੍ਹਾਰ, ਮੇਘ ਮਲ੍ਹਾਰ ਅੱਗੇ ਮੀਆਂ ਦੀ ਰੀਤ ਦੀ ਸੁਰ ਲਿਪੀ ਦਿਤੀ ਜਾ ਰਹੀ ਹੈ।

1. ਅਰੋਹ — ਰੇ ਮਾ ਰੇ ਸ ਮਾ ਰੇ, ਪਾ, ਨੀ ਧ ਨੀ ਸਂ।
   ਅਵਰੋਹ — ਸਂ ਨ਼ੀ ਪਾ ਮ ਪ ਗੁ਼ ਮ, ਰੇ ਸ।
2. ਸੁਰ — ਗ ਕੋਮਲ, ਦੋਨੋ ਨੀਸ਼ਾਦਾਂ ਦਾ ਪ੍ਰਯੋਗ। ਬਾਕੀ ਸੁਧ ਸੁਰ
3. ਜਾਤੀ — ਸੰਪੂਰਣ-ਸ਼ਾਡਵ
4. ਸਮਾਂ — ਰਾਤ ਦਾ ਤੀਸਰਾ ਪਹਿਰ
   (ਬਰਸਾਤ ਦੀ ਰੁਤ ਵਿਚ ਹਰ ਸਮੇਂ)
5. ਵਾਦੀ — 'ਮ'
   ਸੰਵਾਦੀ — 'ਸ'
6. ਮੁਖ ਅੰਗ — ਮ ਰੇ ਪ, ਮ ਗੁ਼ ऽ ਗੁ਼ ਮ ਰੇ ਸ, ਨ਼ੀ ਨ਼ੀ ऽ ਧ਼ ਨੀ ऽ ਸੁ।

# ਸੁਰ ਲਿਪੀ

—ਜਗਦੀਸ਼ ਕੌਰ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | ਸਥਾਈ | – | ਸਰ | ਪ | ਪ | ਪ | ਮ | ਪਨਿ਼ | ਪ |
| | | | | | | | | s | ਬਰ | ਸੰ | ਘ | ਨਾ | s | ਮੇs | s |
| ਮ | ਗੁ | ਗੁ | ਮ | ਰੇ | ਰੇ | ਸ | ਸ | ਸ | ਪ | ਪ | ਪ | ਪ | ਨਿ਼ | ਮ | ਪ |
| ਰਾ | s | ਮ | ਨ | ਭੀ | s | ਨਾ | s | s | ਅੰ | ਮ੍ਰਿ | ਤ | ਬੂੰ | s | ਦ | ਸੁ |
| ਸੰ | ਸੰ | ਸੰ | ਨਿ | ਰੇਂ | ਰੇਂ | ਸ | ਸੰ | ਸੰ | ਰੇਂ | ਰੇਂ | ਸੰ | ਰੇਂ | ਰੇਂ | ਸੰ | ਸੰ |
| ਹਾ | s | ਨੀ | s | ਹੀ | ਅ | ਰੋ | s | s | ਗੁ | ਰਿ | ਮੋ | ਹੀ | s | ਮ | ਨ |
| ਨਿ | ਸੰ | ਨਿਸੰ | ਰੇਂਸੰ | ਨਿ਼ | ਨਿ਼ | ਪ | ਪ | | | | | | | | |
| ਹ | ਰਿ | ਰs | ਸs | ਲੀ | s | ਨਾ | s | | | | | | | | |
| | | | | | | | ਅੰਤਰਾ | – | ਪ | ਪ | ਪ | ਪ | ਨਿ਼ | ਮ | ਪ |
| | | | | | | | | s | ਕ | ਰਉਂ | ਬਿ | ਨਉ | s | ਗੁ | ਰ |
| ਸੰ | ਸੰ | ਸੰ | ਨਿ਼ | ਰੇਂ | ਰੇਂ | ਸੰ | ਸੰ | ਸੰ | ਰੇਂ | ਰੇਂ | ਮੰ | ਰੇਂ | ਰੇਂ | ਸੰ | ਸੰ |
| ਅ | ਪ | ਨੇ | s | ਪ੍ਰੀ | s | ਤ | ਮ | s | ਹਰਿ | ਵ | ਰ | ਆ | s | ਨਿ | ਮਿ |
| ਨਿ਼ | ਨਿ਼ | ਧ | ਧ | ਨਿ | ਨਿ | ਸੰ | ਸੰ | – | ਮ | ਪ | ਪ | ਮਪ | ਨਿ਼ਸੰ | ਨਿ਼ | ਪ |
| ਲਾ | s | s | s | ਵੈ | s | s | s | s | ਸੁਣਿ | ਘ | ਨ | ਘs | ss | ਰ | ਸੋ |
| ਮ | ਗੁ | ਗੁ | ਮ | ਰੇ | ਰੇ | ਸ | ਸ | ਸ | ਰੇਂ | ਰੇਂ | ਮੰ | ਰੇਂ | ਰੇਂ | ਸੰ | ਸੰ |
| ਤ | ਲ | ਮ | ਨ | ਮੋ | s | ਰਾ | s | s | ਲਾ | ਲ | ਰ | ਤੀ | s | ਗੁ | ਣ |
| ਨਿ | ਸੰ | ਨਿਸੰ | ਰੇਂਸੰ | ਨਿ਼ | ਨਿ਼ | ਪ | ਪ | | | | | | | | |
| ਗਾ | s | ss | ss | ਵੈ | s | s | s | | | | | | | | |

ਮਲਾਰ ਮਹਲਾ ੧ ॥

ਕਰਉ ਬਿਨਉ ਗੁਰ ਅਪਨੇ ਪ੍ਰੀਤਮ ਹਰਿ ਵਰੁ ਆਣਿ ਮਿਲਾਵੈ ॥
ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ ॥ ੧ ॥
ਬਰਸੁ ਘਨਾ ਮੇਰਾ ਮਨੁ ਭੀਨਾ ॥
ਅੰਮ੍ਰਿਤ ਬੂੰਦ ਸੁਹਾਨੀ ਹੀਅਰੈ ਗੁਰਿ ਮੋਹੀ ਮਨੁ ਹਰਿ ਰਸਿ ਲੀਨਾ ॥ ੧ ॥
ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸੁ ਗੁਰ ਬਚਨੀ ਮਨੁ ਮਾਨਿਆ ॥
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ ॥੨॥
ਅਵਗੁਣ ਤਿਆਗਿ ਭਈ ਬੈਰਾਗਨਿ ਅਸਥਿਰੁ ਵਰੁ ਸੋਹਾਗੁ ਹਰੀ ॥
ਸੋਗੁ ਵਿਜੋਗੁ ਤਿਸੁ ਕਦੇ ਨ ਵਿਆਪੈ ਹਰਿ ਪ੍ਰਭਿ ਅਪਣੀ ਕਿਰਪਾ ਕਰੀ ॥੩॥
ਆਵਣ ਜਾਣੁ ਨਹੀ ਮਨੁ ਨਿਹਚਲੁ ਪੂਰੇ ਗੁਰ ਕੀ ਓਟ ਗਹੀ ॥
ਨਾਨਕ ਰਾਮ ਨਾਮੁ ਜਪਿ ਗੁਰਮੁਖਿ ਧਨੁ ਸੋਹਾਗਣਿ ਸਚੁ ਸਹੀ ॥ ੪ ॥ ੨ ॥

Malar Its Guru.

I make supplication before my beloved Guru,
that he may unite me with God, my spouse.

Hearing the thundering of clouds my mind is rendered
Clam and cool and imbued with the love of my Belovd,
I sing His praise.

Pour down, O clouds, that my soul may be wetted with
my spouse's love.

The Nectar drop is pleasing to my mind.
The Guru has bewitched my soul and it now absorbed
in the God's elixir. Pause.

The bride whose mind is pleased with Guru's word,
is sweet to her spouse and enjoys peace of poise.

Such a bride of God, the Groom, becomes eternal
and to her mind and body her Lord's love is pleasing.

Abandoning demersits, she becomes detached and God
as her Groom, her married life is rendered permanent.

The Lord God showers His benedication on her and she
suffers not sorrow and separation ever.

She seizes the shelter of the Perfect Guru. Her mind becomes moveless and she comes and goes not.

O Nanak, be the Guru's grace, utter thou the Lord's Name, that thou mayest be accepted as the really blessed bride of the True Lord.

ਮਲਾਰ ਪਹਲੀ ਪਾਤਿਸ਼ਾਹੀ ।

ਮੈਂ ਆਪਣੇ ਪਿਆਰੇ ਗੁਰਾਂ ਅਗੇ ਪ੍ਰਾਰਥਨਾ ਕਰਦਾ ਹਾਂ,
ਕਿ ਉਹ ਮੈਨੂੰ ਮੇਰੇ ਕੰਤ ਵਾਹਿਗੁਰੂ ਨਾਲ ਮਿਲਾ ਦੇਣ ।

ਬੱਦਲਾਂ ਦੀ ਗਰਜ ਨੂੰ ਸੁਣ ਕੇ, ਮੇਰਾ ਚਿਤ ਠੰਡਾ-ਠਾਰ ਹੋ ਗਿਆ
ਅਤੇ ਆਪਣੇ ਪਿਆਰ ਦੇ ਪਿਆਰ ਨਾਲ ਰੰਗੀਜ,
ਮੈਂ ਉਸ ਦੀ ਮਹਿਮਾ ਗਾਇਨ ਕਰਦੀ ਹਾਂ ।

ਵਰ੍ਹ ਪਓ, ਹੇ ਬੱਦਲ ! ਤਾਂ ਜੋ ਮੇਰੀ ਜਿੰਦੜੀ ਆਪਣੇ
ਪਤੀ ਦੀ ਪਿਰਹੜੀ ਸਿੰਨ੍ਹੀ ਥੀ ਵੰਞ ।

ਆਬਿ-ਹਿਯਾਤ ਦੀ ਕਣੀ, ਮੇਰੇ ਹਿਰਦੇ ਨੂੰ ਚੰਗੀ ਲਗਦੀ ਹੈ ।
ਗੁਰਾਂ ਨੇ ਮੇਰੀ ਆਤਮਾ ਨੂੰ ਫਰੇਫਤਾ ਕਰ ਲਿਆ ਹੈ
ਅਤੇ ਇਹ ਹੁਣ ਵਾਹਿਗੁਰੂ ਦੇ ਅੰਮ੍ਰਿਤ ਵਿਚ ਸਮਾ ਗਈ ਹੈ । ਠਹਿਰਾਉ ।

ਉਹ ਪਤਨੀ ਜਿਸ ਦਾ ਚਿਤ ਗੁਰਾਂ ਦੀ ਬਾਣੀ ਨਾਲ ਪ੍ਰਸੰਨ ਥੀ ਗਿਆ ਹੈ,
ਆਪਣੇ ਨੂੰ ਮਿੱਠੀ ਲਗਦੀ ਹੈ ਤੇ ਅਡੋਲਤਾ ਦੇ ਆਰਾਮ ਨੂੰ ਮਾਣਦੀ ਹੈ ।

ਆਪਣੇ ਵਾਹਿਗੁਰੂ ਕੰਤ ਦੀ ਐਸੀ ਪਤਨੀ ਵੀ ਸਥਿਰ ਹੋ ਜਾਂਦੀ ਹੈ
ਤੇ ਉਸ ਦੇ ਦਿਲ ਤੇ ਦੇਹ ਨੂੰ ਆਪਣੇ ਸੁਆਮੀ ਦਾ ਪਿਆਰ ਚੰਗਾ ਲਗਦਾ ਹੈ ।

ਬਦੀਆਂ ਨੂੰ ਛਡ ਕੇ, ਉਹ ਉਪਰਾਮ ਥੀ ਵੰਞਦੀ ਹੈ
ਅਤੇ ਹਰੀ ਨੂੰ ਆਪਣੇ ਪਤੀ ਵਜੋਂ ਪਾ,
ਉਸ ਦਾ ਵਿਆਹੁਤਾ ਜੀਵਨ ਮੁਸਤਕਿਲ ਹੋ ਜਾਂਦਾ ਹੈ ।

ਸੁਆਮੀ ਵਾਹਿਗੁਰੂ ਉਸ ਉਤੇ ਆਪਣੀ ਮਿਹਰ ਧਾਰਦਾ ਹੈ
ਅਤੇ ਉਸ ਨੂੰ ਅਫਸੋਸ ਤੇ ਵਿਛੜਤਾ ਕਦਾਚਿਤ ਨਹੀਂ ਵਿਆਪਦੇ ।

ਉਹ ਪੂਰਨ ਗੁਰਾਂ ਦੀ ਪਨਾਹ ਪਕੜ ਲੈਂਦੀ ਹੈ ।

ਉਸ ਦਾ ਮਨੂਆ ਅਹਿਲ ਹੋ ਜਾਂਦਾ ਹੈ ਅਤੇ ਉਹ ਆਉਂਦੀ ਜਾਂਦੀ ਨਹੀਂ ।
ਹੇ ਨਾਨਕ, ਗੁਰਾਂ ਦੀ ਦਇਆ ਦੁਆਰਾ ਤੂੰ ਸਾਈਂ ਦੇ ਨਾਮ ਦਾ ਉਚਾਰਨ ਕਰ,
ਤਾਂ ਜੋ ਤੂੰ ਸਚੇ ਸਾਂਈਂ ਦੀ ਅਸਲੀ ਮੁਬਾਰਕ ਪਤਨੀ ਪ੍ਰਵਾਨ ਹੋ ਜਾਵੇ ।

# ਸੁਰ ਵਿਚ ਹੋਣਾ......

—ਸਿੰਘ ਬੰਧੂ ਸੁਰਿੰਦਰ ਸਿੰਘ

—ਅਨੁ. : ਪ੍ਰੋ. ਨਵ ਸੰਗੀਤ ਸਿੰਘ

[ਗਾਉਂਦੇ-ਗਾਉਂਦੇ ਦੀਪਕ ਜਲਾ ਦੇਣਾ! ਗਾਉਂਦੇ-ਗਾਉਂਦੇ ਬੱਦਲ ਵਰਸਾ ਦੇਣਾ! ਕਹਿਣ ਸੁਣਨ ਵਿਚ ਇਹ ਗੱਲਾਂ ਕਦੇ ਝੂਠੀਆਂ ਲਗਦੀਆਂ ਹਨ, ਕਦੇ ਕਲਪਨਾ, ਪਰ ਇਹ ਸੰਗੀਤ ਦੀ ਦੁਨੀਆਂ ਦਾ ਸੱਚ ਹੈ ਅਤੇ ਇਸ ਤੋਂ ਵੱਡਾ ਸੱਚ ਹੈ ਸੰਗੀਤ ਦੀ ਸਾਧਨਾ...ਅਤੇ ਇਸ ਸਾਧਨਾ ਵਿਚ ਵਿਸ਼ਵਾਸ ਰੱਖਣ ਵਾਲੇ ਪ੍ਰਸਿੱਧ ਗਾਇਕ ਅਮੀਰ ਖਾਂ ਅਤੇ ਗੁਲਾਮ ਅਲੀ ਖਾਂ ਆਪਣੀ ਸਾਧਨਾ ਨੂੰ ਸਮੁੱਚੀ ਜ਼ਿੰਦਗੀ ਕਿਵੇਂ ਸਿੰਜਦੇ ਰਹੇ—ਇਸ ਪ੍ਰਕਿਰਿਆ ਅਤੇ ਉਨ੍ਹਾਂ ਦੇ ਦੈਨਿਕ ਜੀਵਨ ਦੀਆਂ ਝਲਕੀਆਂ ਪੇਸ਼ ਕਰ ਰਹੇ ਹਨ, ਸਿੰਘ ਬੰਧੂ ਸੰਗੀਤਕਾਰ-ਸੁਰਿੰਦਰ ਸਿੰਘ; ਜਿਸਦਾ ਪੰਜਾਬੀ ਅਨੁਵਾਦ ਹਾਜ਼ਰ ਹੈ]

ਕੁਝ ਯਾਦਾਂ ਹਨ ਕਿ ਤਸਵੀਰਾਂ ਵਾਂਗ ਮੇਰੇ ਦਿਲ ਵਿਚ ਜੰਮ ਗਈਆਂ ਹਨ—ਇਕ ਹੈ ਉਸਤਾਦ ਬੜੇ ਗ਼ੁਲਾਮ ਅਲੀ ਖਾਂ ਸਾਹਿਬ ਦੀ ਯਾਦ...ਦਿੱਲੀ ਦੇ 6, ਪੂਸਾ ਰੋਡ ਵਿਚ ਆਪਣੇ ਸਰਦਾਰ ਜੀ ਦੋਸਤ ਦੇ ਘਰ ਜ਼ਮੀਨ ਤੇ ਬੈਠੇ ਖਾਂ ਸਾਹਿਬ ਉਨ੍ਹਾਂ ਦੀਆਂ ਦੋ ਲੱਤਾਂ ਢਿੱਡ ਦੇ ਦੁਆਲੇ ਘੁਮ ਕੇ ਬਸ, ਦੋਹਾਂ ਪੈਰਾਂ ਦੇ ਅੰਗੂਠੇ ਹੀ ਛੋਹ ਸਕਦੀਆਂ। ਦਿੱਲੀ ਦੀ ਗਰਮੀ, ਨੰਗੇ ਸਰੀਰ, ਹੱਥ ਵਿਚ ਸੁਰਮੰਡਲ ਲਈ ਸੁਰਾਂ ਦਾ ਜਾਦੂ ਜਗਾਉਂਦੇ... "ਹਰੀ ਓਮ...ਤਤਸਤ ਹਰ ਓਮ, ਮਹਾਮੰਤਰ ਹੈ—ਤੂੰ ਇਹਨੂੰ ਜਪਿਆ ਕਰ... ਹਰੀ ਓਮ.."

ਦੂਜੀ ਤਸਵੀਰ ਹੈ ਆਪਣੇ ਗੁਰੂ ਉਸਤਾਦ ਅਮੀਰ ਖਾਂ ਸਾਹਿਬ ਦੀ। ਕਲਕੱਤੇ ਤੋਂ ਆਏ ਸਨ ਉਸਤਾਦ। ਉਦੋਂ ਹੀ ਗ਼ੁਲਾਮ ਅਲੀ ਖਾਂ ਸਾਹਿਬ ਦਾ ਦਿਹਾਂਤ ਹੋਇਆ ਸੀ। ਮੈਂ ਕਿਹਾ, 'ਗ਼ੁਲਾਮ ਅਲੀ ਖਾਂ ਸਾਹਿਬ ਦਾ ਬੜਾ ਦੁਖ ਹੋਇਆ।" ਉਸਤਾਦ ਇਕਦਮ ਚੁਪ ਹੋ ਗਏ ਫਿਰ ਬੋਲੇ, "ਤੂੰ ਮੇਰੇ ਨਾਲ ਗੱਲ ਨਾ ਕਰ ਯਾਰ!" ਮੈਂ ਹੈਰਾਨ ਰਹਿ ਗਿਆ। 'ਤੂੰ' ਅਤੇ 'ਯਾਰ' ਤਾਂ ਕੀ ਉਸਤਾਦ ਮੇਰੇ ਮੂੰਹੋਂ ਆਪਣੇ ਜੀਵਨ ਭਰ ਦੇ ਸੰਗੀਤ-ਵਿਰੋਧੀ ਦੀ ਤਾਰੀਫ਼ ਨਹੀਂ ਸੁਣਨਾ ਚਾਹੁੰਦੇ! ਮੈਂ ਹੈਰਾਨੀ ਨਾਲ ਉਨ੍ਹਾਂ ਦੇ ਛੇ ਫੁੱਟੇ ਸਰੀਰ ਦੇ ਉਤੇ ਸਜੇ ਚਿਹਰੇ ਨੂੰ ਵੇਖਿਆ। ਉਹ ਤਸਵੀਰ ਵੀ ਮੇਰੇ ਦਿਲ ਵਿਚ ਫਰੇਮ ਹੋ ਗਈ ਹੈ।

ਉਸਤਾਦ ਦੀਆਂ ਵੱਡੀਆਂ-ਵੱਡੀਆਂ, ਸੁੰਦਰ ਅੱਖਾਂ ਵਿਚ ਲਾਲ-ਲਾਲ ਡੋਰੇ ਉਭਰ ਆਏ ਸਨ, ਜਿਵੇਂ ਹੁਣੇ ਫੁਟ ਪੈਣਗੀਆਂ।

"ਹਾਂ," ਉਸਤਾਦ ਨੇ ਵਾਕ ਪੂਰਾ ਕੀਤਾ ਸੀ...। ਦੁਬਾਰਾ ਬੋਲੇ, "ਮੇਰੇ ਨਾਲ ਗੱਲ ਨਾ ਕਰ। ਹੁਣ ਮੈਂ ਕੀਹਨੂੰ ਵੇਖ ਗਾਵਾਂਗਾ ? ਜਦੋਂ ਤਕ ਗ਼ੁਲਾਮ ਅਲੀ ਸੀ, ਮੈਨੂੰ ਡਰ ਰਹਿੰਦਾ ਸੀ, ਇਸ ਕਾਨਫਰੰਸ ਵਿਚ ਉਹ ਵੀ ਹੈ। ਹੁਣ ਮੈਂ ਕੀਹਦੇ ਲਈ ਗਾਵਾਂਗਾ ?"

ਅਤੇ ਅੱਜ ਜਦੋਂ ਦੋਵੇਂ ਹੀ ਨਹੀਂ ਰਹੇ ਤਾਂ ਸਮਝ ਆਉਂਦੀ ਹੈ ਕਿ ਦੋਵੇਂ ਇਕ ਦੂਜੇ ਦਾ ਜਵਾਬ ਸਨ ਅਤੇ ਉਨ੍ਹਾਂ ਦਾ ਜਵਾਬ ਕੋਈ ਨਹੀਂ !

ਪਹਾੜ ਨਾਲੋਂ ਬੁਲੰਦ, ਖ਼ੂਬਸੂਰਤ ਅਤੇ ਵਿਸ਼ਾਲ ਗ਼ੁਲਾਮ ਅਲੀ ਬੜੇ ਮਜ਼ੇ ਵਾਲੇ ਆਦਮੀ ਸਨ। ਰੰਗੀਨ ਗਾਣਾ, ਰੰਗੀਨ ਤਬੀਅਤ ਅਤੇ ਬਿਲਕੁਲ ਫਕੀਰਾਨਾ ਜ਼ਿੰਦਗੀ। ਖਾਣੇ ਦੇ ਅਜਿਹੇ ਸ਼ੌਕੀਨ ਕਿ ਜਿਥੇ ਰਹੇ, ਇਕ ਅੱਧ ਸ਼ਗਿਰਦ ਸਿਰਫ ਰਸੋਈ ਦੀ ਸੇਵਾ ਤੇ ਰਿਹਾ। ਦੋਸਤਾਂ ਦੇ ਘਰੇ ਠਹਿਰਦੇ, ਪਰ ਆਪਣਾ ਖਾਣਾ ਅੱਡ ਪਕਵਾਉਂਦੇ, ਤਾਂ ਕਿ ਉਨ੍ਹਾਂ ਦੇ ਸ਼ੌਕ ਦਾ ਭਾਰ ਕਿਸੇ ਤੇ ਨਾ ਪਵੇ।

ਪਰ ਜ਼ਰਾ ਠਹਿਰੋ, ਇਕ ਰੰਗੀਨੀ ਦਾ ਹਿੱਸਾ ਸੁਣੋ, ਜੋ ਪ੍ਰੋ. ਦੇਵਧਰ ਨੇ ਲਿਖਿਆ ਹੈ :

ਇਕ ਵਾਰ ਗ਼ੁਲਾਮ ਅਲੀ ਖਾਂ ਸਾਹਿਬ ਬੰਬਈ ਚੌਪਾਟੀ ਤੇ ਬੈਠੇ ਸਨ ਕਿ ਇਕ ਸੁੰਦਰ ਯੁਵਤੀ ਮਟਕਦੀ ਹੋਈ ਲੰਘ ਗਈ। ਉਸਤਾਦ ਨੇ ਜੋ ਉਸਨੂੰ ਵੇਖਿਆ ਤਾਂ ਆਲਾ-ਦੁਆਲਾ, ਸੰਗ ਸਾਥ ਸਭ ਭੁਲ ਗਏ। ਆਖਰ ਦੇਵਧਰ ਜੀ ਤੋਂ ਨਾ ਰਿਹਾ ਗਿਆ। ਛੇੜਿਆ, "ਬਈ ਉਸਤਾਦ ਤੁਹਾਡੀ ਇਹ ਉਮਰ ਅਤੇ ਇਹ ਸ਼ੌਕ !"

ਗ਼ੁਲਾਮ ਅਲੀ ਕੁਝ ਨਾ ਬੋਲੇ। ਥੋੜ੍ਹੀ ਦੇਰ ਰੁਕ ਕੇ ਕਿਹਾ, "ਚਲੋ ਦੇਵਧਰ ਜੀ, ਤੁਹਾਡੇ ਸਕੂਲ ਚਲੀਏ।" ਉਥੇ ਪਹੁੰਚ ਕੇ ਆਪਣਾ ਸੁਰਮੰਡਲ ਹੱਥ ਵਿਚ ਲੈ ਕੇ ਕਿਹਾ, "ਵੇਖੋ ਦੇਵਧਰ ਜੀ, ਉਹ ਲੜਕੀ ਇਓਂ ਚੱਲ ਰਹੀ ਸੀ।" ਅਤੇ ਫਿਰ ਜੋ ਸੁਰ ਉਭਰਿਆ ਤਾਂ ਸਭ ਪਾਸੇ 'ਵਾਹ ਵਾਹ' ਦੀ ਆਵਾਜ਼ ਸੁਣਾਈ ਦਿਤੀ। ਵਾਕਈ ਇਓਂ ਲੱਗਿਆ ਉਹ ਲੜਕੀ ਚਲ ਰਹੀ ਹੈ।

"ਦੇਵਧਰ ਸਾਹਿਬ, ਮੈਂ ਉਹਨੂੰ ਇਸੇ ਲਈ ਵੇਖ ਰਿਹਾ ਸਾਂ।" ਖਾਂ ਸਾਹਿਬ ਨੇ ਕਿਹਾ।

ਗ਼ੁਲਾਮ ਅਲੀ ਖਾਂ ਸਾਹਿਬ ਦੂਜੇ ਗਾਇਕਾਂ ਦੀ ਸਿਫਤ ਬੜੇ ਮਜ਼ੇ ਵਿਚ ਕਰਦੇ ਸਨ। ਇਕ ਗਾਇਕ ਨੂੰ ਬੰਬਈ ਵਿਚ ਆਏ ਤਾਂ ਸਾਨੂੰ ਕਹਿਣ ਲਗੇ " ਨੂੰ ਸੁਣਿਆ, ਕਦਾਰ ਗਾ ਰਹੇ ਸਨ, ਹੌਂਕ-ਹੌਂਕ ਕੇ ਸ-ਮ-ਪ ਧਪਮ ਸਰੇ ਸ ...ਇਓਂ ਲੱਗਿਆ ਕਿਤੋਂ ਦੂਰੋਂ ਆਏ ਹਨ, ਬੜਾ ਜ਼ਰੂਰੀ ਸੁਨੇਹਾ ਦੇਣਾ ਹੈ ਅਤੇ ਛੇਤੀ ਕਿਤੇ ਦੂਰ ਜਾਣਾ ਹੈ।"

ਸੰਗੀਤ-ਸੇਵੀ ਭਾਤਖੰਡੇ ਜੀ ਤੋਂ ਲਗਭਗ ਸਾਰੇ ਹੀ ਉਸਤਾਦ ਜੀ ਨਰਾਜ਼ ਰਹਿੰਦੇ ਸਨ। ਗ਼ੁਲਾਮ ਅਲੀ ਖਾਂ ਸਾਹਿਬ ਕਿਵੇਂ ਪਿੱਛੇ ਰਹਿੰਦੇ। ਭਾਤਖੰਡੇ ਜੀ ਦੀ ਪੁਸਤਕ ਵਿਚ ਇਕ ਮੁਲਤਾਨੀ ਰਾਗ ਦੀ ਬੰਦਿਸ਼ ਵਿਚ 'ਰੇ' ਸੁਰ ਤੇ ਗਲਤ ਅਤੇ ਅਤਿ ਅਧਿਕ ਜ਼ੋਰ ਦਿਤਾ ਗਿਆ ਹੈ। ਖਾਂ ਸਾਹਿਬ ਕਹਿਣ ਲਗੇ, "ਮੁਲਤਾਨੀ ਵਿਚ ਦੋ ਮਾਤਰਾ ਦਾ 'ਰੇ' ਮੈਂ ਨਹੀਂ ਮੰਨ ਸਕਦਾ, ਚਾਹੇ ਦਾਲਖੰਡਾ ਕਹੋ ਚਾਹੇ ਭਾਤਖੰਡਾ !"

ਇਕ ਦਿਨ ਪੂਸਾ ਰੋਡ ਤੇ ਉਸਤਾਦ ਅਮੀਰ ਖਾਂ ਸਾਹਿਬ ਦਾ ਜ਼ਿਕਰ ਆ ਗਿਆ। ਗ਼ੁਲਾਮ ਅਲੀ ਖਾਂ ਸਾਹਿਬ ਹੱਸੇ, "ਬੜੀ ਡੂੰਘੀ ਗਾਇਕੀ ਹੈ...ਸਮੁੰਦਰ ਵਾਂਗ ਡੂੰਘੀ ਗਾਇਕੀ ਹੈ... ਸਮੁੰਦਰ ਵਾਂਗ ਹੀ ਖਾਰੀ ਵੀ ਹੈ !"

ਮੈਂ ਬੜੇ ਦੁਖ ਨਾਲ ਇਹ ਗੱਲ ਆਪਣੇ ਵੱਡੇ ਗੁਰੂਭਾਈ ਪੰਡਤ ਅਮਰਨਾਥ ਨੂੰ ਦੱਸੀ। ਉਹ ਹੱਸੇ, ਕਹਿਣ ਲੱਗੇ, ਗ਼ੁਲਾਮ ਅਲੀ ਦੀ ਗੱਲ ਨਾ ਸੁਣੋ। ਉਹ ਸਾਈਂ ਲੋਕ ਹੈ। ਉਸਦਾ ਗਾਣਾ ਸੁਣੋ। ਸਾਨੂੰ ਉਹ ਵੇਲਾ ਵੀ ਚੇਤੇ ਹੈ ਜਦੋਂ ਲਾਹੌਰ ਵਿਚ ਅਮੀਰ ਖਾਂ ਦਾ ਗਾਇਨ ਸੁਣ ਕੇ ਗ਼ੁਲਾਮ ਅਲੀ ਨੇ ਕਿਹਾ ਸੀ, "ਯਾ ਅੱਲ੍ਹਾ, ਕੀ ਆਦਮੀ ਇਹੋ ਜਿਹਾ ਵੀ ਗਾ ਸਕਦਾ ਹੈ !"

ਜੀ ਹਾਂ, ਅਜੀਬ ਸਨ ਸਨ ਉਹ ਲੋਕ। ਜਦੋਂ ਦਿਲੀ ਯੂਨੀਵਰਸਿਟੀ ਦੇ ਡਾਕਟਰ ਸਕਸੈਨਾ ਨੇ ਅਮੀਰ ਖਾਂ ਸਾਹਿਬ ਦੇ ਦੇ ਸਾਹਮਣੇ ਗ਼ੁਲਾਮ ਅਲੀ ਖਾਂ ਸਾਹਿਬ ਦੀ ਤਾਰੀਫ਼ ਕੀਤੀ ਤਾਂ ਅਮੀਰ ਖਾਂ ਸਾਹਿਬ ਨੇ ਤਿਰਛੀ ਨਜ਼ਰ ਨਾਲ ਸਕਸੈਨਾ ਸਾਹਿਬ ਵੱਲ ਵੇਖਿਆ ਅਤੇ ਕਿਹਾ, "ਗ਼ੁਲਾਮ ਅਲੀ ਖ਼ਿਆਲ ਗਾਉਂਦਾ ਹੈ ?" ਉਹੀ ਗ਼ੁਲਾਮ ਅਲੀ, ਜਿਸਦੇ ਚਲੇ ਜਾਣ ਤੇ ਅਮੀਰ ਖਾਂ ਨੂੰ ਇਹ ਦੁਖ ਹੋਇਆ ਸੀ ਕਿ ਹੁਣ ਉਹਨੂੰ ਕਿਸੇ ਦਾ ਡਰ ਨਹੀਂ ਰਿਹਾ ਸੀ !

ਗ਼ੁਲਾਮ ਅਲੀ ਗਾਲ੍ਹੜੀ ਸਨ, ਖ਼ੁਸ਼ਮਿਜਾਜ਼ ਅਤੇ ਮਿਲਣਸਾਰ ਸਨ। ਉਨ੍ਹਾਂ ਦੇ ਘਰ ਹਰ ਸਮੇਂ ਮਿਲਣ ਵਾਲਿਆਂ ਦਾ ਲੱਗਾ ਰਹਿੰਦਾ ਸੀ ਅਤੇ ਹਰ ਸਮੇਂ ਹੱਥ ਵਿਚ ਸੁਰਮੰਡਲ ਲਈ ਉਹ ਸੁਰ-ਲਹਿਰੀ ਖਿਲਾਰਦੇ ਰਹਿੰਦੇ।

ਇਸਦੇ ਉਲਟ ਅਮੀਰ ਖਾਂ ਖਾਮੋਸ਼ ਸੁਭਾਅ, ਬਹੁਤ ਘੱਟ ਗੱਲ ਕਰਨ ਵਾਲੇ, ਭੀੜ ਤੋਂ ਹਮੇਸ਼ਾ ਅੱਡ, ਇਕਾਂਤ-ਪ੍ਰੇਮੀ ਆਦਮੀ ਸਨ। ਕਿਸੇ ਬਾਹਰੀ ਆਦਮੀ ਦੇ ਸਾਮ੍ਹਣੇ ਉਹ ਸਿਰਫ ਮਹਿਫਲ ਵਿਚ ਹੀ ਗਾਉਣਾ ਪਸੰਦ ਕਰਦੇ ਸਨ। ਉਨ੍ਹਾਂ ਦਾ ਰਿਆਜ਼ ਬਿਲਕੁਲ ਨਿਜੀ ਮਾਮਲਾ ਸੀ। ਅਕਸਰ ਸ਼ਗਿਰਦ ਦੀ ਮੌਜੂਦਦੀ ਵੀ ਉਨ੍ਹਾਂ ਨੂੰ ਪਸੰਦ ਨਹੀਂ ਸੀ।

ਖਾਣੇ ਦੇ ਮਾਮਲੇ ਵਿਚ ਵੀ ਖਾਂ ਸਾਹਿਬ ਕਾਫ਼ੀ ਕੰਜੂਸੀ ਵਰਤਦੇ ਸਨ। ਪਰ ਖਾਣਾ ਬਣਾਉਣ ਦੇ ਬੇਹੱਦ ਸ਼ੌਕੀਨ ਸਨ। ਜਦੋਂ ਕਾਫ਼ੀ ਮੂਡ ਵਿਚ ਆਉਂਦੇ ਤਾਂ ਦੇਰ ਤਕ ਖਾਣਾ ਬਣਾਉਂਦੇ ਅਤੇ ਕਹਿੰਦੇ," ਖਾਣਾ ਪਕਾਉਣਾ ਅਤੇ ਗਾਣਾ ਗਾਉਣਾ, ਦੋਹਾਂ ਵਿਚ ਹੀ ਸਬਰ ਦੀ ਜ਼ਰੂਰਤ ਹੈ।"

ਅਮੀਰ ਖਾਂ ਸਾਹਿਬ ਨੂੰ ਪਹਿਲਵਾਨੀ ਦਾ ਬਹੁਤ ਸ਼ੌਕ ਸੀ। ਤੇਜਪਾਲ ਜੀ (ਮੇਰੇ ਵੱਡੇ ਭਰਾ) ਨੂੰ ਫੜ ਕੇ ਜਾਮਾ ਮਸਜਿਦ ਖਲੀਫਾ ਚੰਦੂ ਦੇ ਅਖਾੜੇ ਵਿਚ ਪਹੁੰਚ ਜਾਂਦੇ ਅਤੇ ਬੈਠੇ-ਬੈਠੇ ਦਾਅ-ਪੇਚ ਵੇਖਦੇ। ਪੁਰਾਣੇ ਪਹਿਲਵਾਨਾਂ ਦੇ ਅਜਿਹੇ ਕਿੱਸੇ ਸੁਣਾਉਂਦੇ ਕਿ ਇਹ ਪਤਾ ਵੀ ਨਾ ਲਗਦਾ ਕਿ ਸਾਹਿਬ ਉਸਤਾਦ-ਏ-ਮਸ਼ਰਿਕ ਅਤੇ ਭਾਰਤ ਦੇ ਪਹਿਲੇ ਰਾਜ-ਗਾਇਕ ਹਨ !

ਇਕ ਦਿਨ ਖਲੀਫਾ ਚੰਦੂ ਦਾਅ ਦੱਸ ਰਹੇ ਸਨ ਕਿ ਉਸਤਾਦ ਨੇ ਕਿਹਾ, "ਨਹੀਂ ਖਲੀਫਾ, ਜ਼ਬਾਨ ਨਾਲ ਨਹੀਂ, ਜ਼ਰਾ ਹੱਥ ਨਾਲ ਵਿਖਾਓ।" ਉਹ ਹਾਜੀ ਬਾਬਾ ਵੀ ਇਕ-

ਖੜ੍ਹਾ ਹੋ ਗਿਆ ਅਤੇ ਮੈਨੂੰ ਉਠਾ ਕੇ, ਮੇਰੀ ਧੌਣ ਨੂੰ ਹੱਥ ਪਾ ਲਿਆ। ਮੇਰੇ ਹੋਸ਼-ਹਵਾਸ ਗੁੰਮ ਹੋ ਗਏ। ਖਾਂ ਸਾਹਿਬ ਹੱਸਣ ਲੱਗੇ, "ਓਏ ਡਰਦਾ ਕਿਉਂ ਹੈਂ?" ਮੇਰੀ ਧੌਣ ਖਲੀਫਾ ਦੇ ਹੱਥ ਵਿਚ ਸੀ, ਡਰਦਾ ਨਾ ਤਾਂ ਹੋਰ ਕੀ ਕਰਦਾ! ਖਲੀਫਾ ਨੇ ਵੀ ਹੌਸਲਾ ਦਿਤਾ, "ਓਏ ਬੇਟਾ, ਮੈਂ ਤਾਂ ਊਂਈਂ ਉਸਤਾਦ ਨੂੰ ਦਾਅ ਵਿਖਾ ਰਿਹਾ ਹਾਂ, ਤੈਨੂੰ ਪਟਕ ਥੜ੍ਹੇ ਰਿਹਾ ਹਾਂ!"

ਕਦੇ-ਕਦੇ ਸੋਚਦਾ ਹਾਂ, ਜਿੰਨੀ ਦਾਦ ਇਨ੍ਹਾਂ ਦੋ ਮਹਾਨ ਗਾਇਕਾਂ ਨੂੰ ਮਿਲੀ ਕਿਸੇ ਹੋਰ ਨੂੰ ਮਿਲ ਜਾਂਦੀ ਤਾਂ ਦੀਵਾਨਾ ਹੋ ਜਾਂਦਾ। ਪਰ ਗੁਲਾਮ ਅਲੀ ਖਾਂ ਨੂੰ ਹਮੇਸ਼ਾ ਇਹ ਦੁਖ ਰਿਹਾ ਕਿ ਈਰਖਾਲੂਆਂ ਨੇ ਸਦਾ ਉਨ੍ਹਾਂ ਨੂੰ ਨੀਵਾ ਵਿਖਾਉਣ ਦਾ ਕੋਸ਼ਿਸ਼ ਕੀਤੀ।

ਇਕ ਦਿਨ ਬਹੁਤ ਗੁੱਸੇ ਸਨ। ਕਹਿਣ ਲੱਗੇ, "ਕਹਿੰਦੇ ਨੇ ਬਈ ਕੀ ਹੈ ਗੁਲਾਮ-ਅਲੀ, ਬਸ ਜ਼ਰਾ ਸੁਰ ਦਾ ਸਾਫ ਹੈ,' ਮੈਂ ਕਹਿੰਦਾ ਹਾਂ...ਮੀਆਂ, ਤੁਹਾਨੂੰ ਕਿਸੇ ਨੇ ਰੋਕਿਆ ਹੈ। ਤੁਸੀਂ ਵੀ ਸੁਰ ਨੂੰ ਸਾਫ ਕਰ ਲਓ। ਪਰ ਬੇਟੇ, ਇਹ ਉਨ੍ਹਾਂ ਤੋਂ ਨਹੀਂ ਨਹੀਂ ਹੋਵੇਗਾ। ਕਿਉਂਕਿ ਸੁਰ ਵਿਚ ਵਿਚ ਹੋਣਾ ਸੂਰਮਾ ਹੋਣ ਦਾ ਕੰਮ ਹੈ। ਇੰਨਾ ਪੀਹਣਾ ਪੈਂਦਾ ਹੈ, ਤਾਂ ਹੀ ਸੂਖਮਤਾ ਆ ਸਕਦੀ ਹੈ।

ਅਮੀਰ ਖਾਂ ਸਾਹਿਬ ਨੂੰ ਲੋਕ 'ਵਿਦਵਾਨ ਗਾਇਕ' ਕਰਕੇ ਮੰਨਦੇ ਸਨ। ਪਰ ਉਨ੍ਹਾਂ ਨੂੰ ਵੀ ਇਹ ਦੁਖ ਸੀ ਕਿ ਜਨਤਾ ਉਨ੍ਹਾਂ ਦੇ ਸੰਗੀਤ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੀ। ਕਦੇ-ਕਦੇ ਸੋਚਦਾ ਹਾਂ ਜਦੋਂ ਲੋਕ ਅਮੀਰ ਖਾਂ ਨੂੰ 'ਗਾਇਕਾਂ ਗਾਇਕ' ਕਹਿੰਦੇ ਸਨ ਤਾਂ ਕੀ ਉਸਤਾਦ ਖੁਸ਼ ਹੁੰਦੇ ਸਨ ਜਾਂ ਦੁਖੀ, ਕਿਉਂਕਿ ਗੰਭੀਰ ਓਜ ਦੇ ਪਿਛੇ ਕਿਤੇ ਇਕ ਹੋਰ ਅਮੀਰ ਖਾਂ ਵੀ ਸੀ; ਜੋ ਆਮ ਸੰਗੀਤ ਸੁਣਨ ਵਾਲਿਆਂ ਦਾ ਪਿਆਰ ਚਾਹੁੰਦਾ ਸੀ।

ਪਿਛਲੇ ਸਾਲ ਮੇਰੇ ਘਰ ਪਾਕਿਸਤਾਨ ਦੇ ਉਸਤਾਦ ਸਲਾਮਤ ਅਲੀ ਆਏ। ਗੱਲਾਂ-ਗੱਲਾਂ ਵਿਚ ਕਹਿਣ ਲਗੇ—"ਅਮੀਰ ਖਾਂ ਅਤੇ ਗੁਲਾਮ ਅਲੀ ਦੋ ਗਾਇਕ ਹੀ ਨਹੀਂ ਗੁਜ਼ਰੇ, ਦੋ ਯੁਗ ਖਤਮ ਹੋ ਗਏ ਹਨ। ਦੋਵੇਂ ਆਪਣੇ ਨਾਲ ਇਕ-ਇਕ ਯੁਗ ਲੈ ਗਏ ਹਨ।"

ਪ੍ਰੋ. ਨਵ ਸੰਗੀਤ ਸਿੰਘ
5156 ਅਰਬਨ ਅਸਟੇਟ II
ਪਟਿਆਲਾ 147002

# ਅਧਿਕਾਰ ਪੱਤਰ

ਇਸ ਪਤਰ ਰਾਹੀਂ ਡਾਕਟਰ ਜਾਗੀਰ ਸਿੰਘ ਜੀ (ਆਨਰੇਰੀ ਸੰਪਾਦਕ ਅੰਮ੍ਰਿਤ ਕੀਰਤਨ) 422, ਸੈਕਟਰ 15-ਏ, ਚੰਡੀਗੜ੍ਹ ਨੂੰ ਦਾਸ (ਟੀ. ਸੀ. ਨਾਗਪਾਲ) ਵਲੋਂ ਪੂਰਨ ਅਧਿਕਾਰ ਦਿਤਾ ਜਾਂਦਾ ਹੈ ਕਿ ਉਹ ਦਾਸ ਦੀਆਂ ਸਾਰੀਆਂ ਲਿਖਤਾਂ ਨੂੰ ਇਕੱਠਾ ਛਾਪਕੇ ਪੁਸਤਕ ਰੂਪ ਦੇ ਸਕਦੇ ਹਨ : ਜੋ ਕਿ ਸੰਨ 1989 ਤੋਂ 1994 ਤਕ ਗਾਹੇ-ਬਗਾਹੇ ਉਹਨਾਂ ਦੇ ਅੰਕ ਅੰਮ੍ਰਿਤ ਕੀਰਤਨ ਵਿਚ ਛਪੀਦੀਆਂ ਚਲੀਆਂ ਆ ਰਹੀਆ ਹਨ। ਉਪਰੰਤ ਅਜਿਹੀਆਂ ਛਪੀਆਂ ਪੁਸਤਕਾਂ ਉਪਰੋਕਤ ਡਾਕਟਰ ਸਾਹਿਬ ਵੇਚਣ ਦਾ ਵੀ ਅਧਿਕਾਰ ਰਖਣਗੇ। ਦਾਸ ਨੂੰ ਅਜਿਹੀ ਇਕੱਠੀ ਛਪਵਾਈ ਜਾਂ ਵੇਚਣ ਬਾਰੇ ਕੋਈ ਇਤਰਾਜ਼ ਨਹੀਂ ਹੋਵੇਗਾ। ਇਲਾਵਾ ਵਾਜ਼ਹਿ ਰਹੇ : ਕਿ ਦਾਸ ਦਾ ਇਸ ਵਿਚ ਕੁਝ ਲੈਣ ਦੇਣ ਦਾ ਜਾਂ ਕਿਸੇ ਨਫੇ-ਨੁਕਸਾਨ ਦਾ ਕੋਈ ਤਅਲੁਕ ਮੁਆਮਲਾ ਵੀ ਨਹੀਂ ਹੋਵੇਗਾ। ਕਿਉਂਕਿ ਦਾਸ ਨਾ ਤਾਂ ਕੋਈ ਪ੍ਰੋਫੈਸ਼ਨਲ ਲਿਖਾਰੀ ਹੈ ਅਤੇ ਨਾਹੀ ਇਸ ਵਿਚ ਛਾਪਣ ਵੇਚਣ ਬਾਰੇ ਦਾਸ ਦੀ ਕੋਈ ਡੀਮਾਂਡ ਹੈ। ਦਾਸ ਨੇ ਜੋ ਕੁਝ ਵੀ ਲਿਖਕੇ ਡਾਕਟਰ ਸਾਹਿਬ ਨੂੰ ਹੁਣ ਤਕ ਪੇਸ਼ ਕੀਤਾ ਹੈ। ਉਹ ਮੈਹਜ਼ ਇਕ ਧਰਮ-ਕਾਰਜ ਸਮਝਦੇ ਹੋਇ ਹੀ ਕੀਤਾ ਗਿਆ ਹੈ।

ਦਾਸ ਨੇ ਆਪਣੀਆਂ ਲਿਖਤਾਂ ਵਿਚ ਖਾਸਕਰ ਅਕਸਰ ਰਬਾਬੀ ਬਰਾਦਰੀ ਦੇ ਗੁਰ ਸ਼ਬਦ ਗਾਇਕ ਕਲਾਕਾਰਾਂ ਜਾਂ ਕੀਰਤਨਕਾਰਾਂ ਦੀ ਹੁਨਰਮੰਦੀ ਨੂੰ ਹੀ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਿਹਨਾਂ ਨੂੰ ਦਾਸ ਨੇ ਅਖੀਂ ਡਿਠਾ ਹੈ : ਅਤੇ ਕੰਨੀਂ ਸੁਣਿਆ ਹੈ। ਅਜਿਹਾ ਕਰਨ ਵਿਚ ਦਰਅਸਲ ਦਾਸ ਦੀ ਭਾਵਨਾ ਇਹੀ ਰਹੀ ਹੈ : ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਇਹਨਾਂ ਲਿਖਤਾਂ ਤੋਂ ਕੁਝ ਜਾਣਕਾਰੀ ਵੀ ਹਾਸਿਲ ਕਰ ਸਕਣ ਅਤੇ ਹੋਇ ਬੀਤੇ ਅਜਿਹੇ ਮਹਾਨ ਆਪਣੇ ਕਲਾਕਾਰਾਂ ਦੀ ਕਾਰਗੁਜ਼ਾਰੀ ਬਾਰੇ ਕੁਝ ਗੌਰਵਤਾ ਵੀ ਮਹਿਸੂਸ ਕਰਨ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਬੜੀ ਸਪਸ਼ਟਤਾ ਨਾਲ ਇਹ ਫੁਰਮਾਇਆ ਹੈ : "ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ।"

ਭਾਵ—ਕਿ : ਜੋ ਪਹਿਲੇ ਸਤਿਗੁਰੂ ਨਾਨਕ ਦੇਵ ਜੀ ਤੋਂ ਇਹ ਰਬਾਬੀ ਬਰਾਦਰੀ ਸ਼ੁਰੂ ਹੋਈ। ਇਹ ਸਾਡੇ ਸਤਿਗੁਰੂਆਂ ਦੀ ਮੇਹਰ ਬਖਸ਼ਿਸ਼ ਸਦਕੇ ਅਖੀਰ (ਸੰਨ 1947) ਹਿੰਦ-ਪਾਕ ਵੰਡ ਸਮੇਂ ਤਕ ਤੁਰੀ ਚਲਦੀ ਆਈ। ਸੋ ਜੇਕਰ ਅਜਿਹਾ ਕਹਿ ਦਿਤਾ ਜਾਵੇ ਕਿ "ਸੇਵਕ ਕੀ ਓੜਕ ਨਿਬਹੀ ਪ੍ਰੀਤ" ਤਾਂ ਕੋਈ ਮੁਬਾਲਗਾ ਨਹੀਂ ਹੋਵੇਗਾ। ਇਸ ਕਾਰਨ ਇਸ ਬਰਾਦਰੀ ਨੂੰ ਕਦੇ ਵੀ ਗੁਰੂ ਘਰ ਦੀ ਸੇਵਾ ਚੋਂ ਭੁਲਾਇਆ ਨਹੀਂ ਜਾ ਸਕਦਾ। ਅਤੇ ਨਾ ਹੀ ਇਹਨਾਂ ਦੀ ਜਾਨ-ਤੋੜ ਘਾਲ ਨੂੰ ਨਜ਼ਰ-ਅੰਦਾਜ਼ ਕੀਤਾ ਜਾ

ਸਕਦਾ ਹੈ। ਕਿਉਂਕਿ ਇਹ ਲੋਕ ਆਪਣੀ ਅਣਥੱਕ ਫ਼ਨਕਾਰੀ ਜਾਂ ਕਲਾ ਦੇ ਸਹਾਰੇ ਸਰੋਤੇ-ਸਜਣਾਂ ਨੂੰ ਕੀਲ ਲੈਂਦੇ ਸਨ। ਅਤੇ ਉਹਨਾਂ ਦੇ ਮਨਾਂ ਅੰਦਰ ਯਕਸੂਈ ਯਾਨੀ ਇਕਾਗਰਤਾ ਕਾਇਮ ਕਰਕੇ ਸੁਣ ਰਹੀ ਸੰਗਤ ਨੂੰ ਮੌਸੀਕੀ ਜਾਂ ਸੰਗੀਤ ਦੀ ਚਾਸ਼ਨੀ ਵਿਚ ਭਿਜੀ (ਤਰ-ਕੀਤੀ) ਗੁਰਬਾਣੀ ਰਾਹੀਂ ਮੰਤਰ-ਮੁਘਧ ਕਰ ਦੇਂਦੇ ਸਨ। ਭਾਵ ਕਿ ਪਾਵਨ ਗੁਰਬਾਣੀ ਦੇ ਲੁਤਫ਼-ਸਰੂਰ ਵਿਚ ਬੈਠੀ ਸੰਗਤ ਨੂੰ ਰੰਗ ਦੇਂਦੇ ਸਨ। ਅਤੇ ਇੰਜ ਸਰੋਤੇ ਵੀ ਦਿਲੀ ਤਸਕੀਨ ਜਾਂ ਪ੍ਰਸੰਨਤਾ ਖੁਸ਼ੀ ਖੇੜਾ ਮਹਿਸੂਸ ਕਰਦੇ ਹੋਏ ਜਾਂ ਪ੍ਰਸੰਨਤਾ ਖੁਸ਼ੀ ਖੇੜਾ ਮਹਿਸੂਸ ਕਰਦੇ ਹੋਏ ਯਥਾ ਸ਼ਕਤੀ ਬਖੁਸ਼ੀ-ਖੁਦ ਪ੍ਰੇਮ ਸਾਹਿਤ ਕੁਝ ਸ਼ਬਦ ਭੇਟ ਕਰਕੇ ਹੋਰ ਵੀ ਹਾਰਦਿਕ-ਸਕੂਨ ਅਨੁਭਵ ਕਰਦੇ ਸਨ। ਅਜਿਹੇ ਪੁਰਾਤਨ ਸਮੇਂ ਵਿਚ ਹੋ ਚੁਕੇ ਪ੍ਰਭੂ ਯਸ਼ ਨੂੰ ਦਾਸ ਜ਼ਬਾਨੀ ਹੁਣ ਕੀ ਬਯਾਨ ਕਰੇ ? ਇਤਨਾ ਕਹਿਣਾ ਹੀ ਕਾਫੀ ਹੈ ਕਿ : 'ਕਹਿਬੇ ਕੋ ਸੋਭਾ ਨਹੀਂ। ਦੇਖਾ ਹੀ ਪਰਵਾਣੁ'। ਹਾਂ ਨਾਲ-ਨਾਲ ਦਾਸ ਨੇ ਗੁਜ਼ਰੇ ਸਮੇਂ ਦੇ ਕੁਝ ਹੋਰ-ਹੋਰ ਨਾਮੀ ਫ਼ਨਕਾਰਾਂ ਦਾ ਵੀ ਥੋੜਾ ਬਹੁਤ ਜ਼ਿਕਰ ਕੀਤਾ ਹੈ। ਮਸਲਨ ਆਪਣੇ ਸਮੇਂ ਦੇ ਚੋਟੀ ਦੇ ਕੱਵਾਲ ਸਜਣਾਂ ਅਤੇ ਟਾਪ-ਮੋਸਟ ਬੈਂਡ ਮਾਸਟਰ ਆਦਿਕਾ ਦੀ ਹੁਨਰਮੰਦੀ ਵੀ ਬਿਆਨੀ ਹੈ। ਅਤੇ ਅਜਿਹਾ "ਸਾਂਝ ਕਰੀਜੈ ਗੁਣਾਂ ਕੇਰੀ ਛਾਡਿ ਅਉਗੁਣ ਚਲੀਐ" ਦੇ ਨੁਕਤਾ ਨਜ਼ਰ ਨੂੰ ਮੁਖ ਰਖਕੇ ਕੀਤਾ ਗਿਆ ਹੈ।

ਇਸ ਲਈ ਦਾਸ ਬਖੁਸ਼ੀ-ਖੁਦ ਇਸ ਸਾਰੀ ਛਪਵਾਈ ਅਤੇ ਸੇਲ ਜਾਂ ਵਿਚਵਾਲੀ ਦਾ ਮੁਕੰਮਲ ਫਰੀ-ਅਧਿਕਾਰ ਉਪਰੋਕਤ ਡਾਕਟਰ ਜਾਗੀਰ ਸਿੰਘ ਜੀ ਨੂੰ ਦੇ ਰਿਹਾ ਹੈ। ਅਤੇ ਅਜਿਹਾ ਡਾਕਟਰ ਸਾਹਿਬ ਦੀ ਇਛਾ ਅਨੁਸਾਰ ਕੀਤਾ ਗਿਆ ਹੈ।

ਹਾਂ, ਇਕ ਗੁਜ਼ਾਰਿਸ਼ ਦਾਸ ਜ਼ਰੂਰ ਅਰਜ਼ ਕਰੇਗਾ ਕਿ ਅਜਿਹੀ ਛਪਵਾਈ ਵਿਚ ਗਲਤੀਆਂ ਘਟ ਤੋਂ ਘਟ ਹੋਣੀਆਂ ਚਾਹੀਦੀਆਂ ਹਨ। ਇਸ ਲਈ ਕਿ ਦਾਸ ਧੰਨਵਾਦੀ ਹੋਵੇਗਾ। ਫਿਰ ਵੀ ਸਮੇਂ-ਸਮੇਂ ਦਾਸ ਦੀਆਂ ਲਿਖਤਾਂ ਵਿਚ ਜੋ ਕੁਝ ਗਲਤੀਆਂ ਦਾਸ ਦੀ ਤਰਫੋਂ ਰਹਿ ਗਈਆਂ ਹੋਣ। ਉਹਨਾਂ ਦੇ ਸਬੰਧਾਂ ਵਿਚ ਦਾਸ ਵੀ ਪਾਠਕ ਸੱਜਣਾਂ ਤੋਂ ਆਜਿਜ਼ਾਨਾ ਮੁਆਫੀ ਚਾਹੁੰਦੀ ਹੈ।

ਆਪ ਜੀ ਦਾ ਸ਼ੁਭ ਚਿੰਤਕ


T. C Nagpal,
46-V-1, Katra Dall Singh,
Gali Suniarian, Amritsar.

ਪੁਸਤਕ-ਰੀਵਿਊ

# ਗੁਰੂ ਤੇਗ ਬਹਾਦਰ-ਹਿੰਦ ਦੀ ਚਾਦਰ

ਸੰਪਾਦਕ : ਐਮ ਜੀ. ਗੁਪਤਾ
ਪੰਨੇ : 295
ਮੁੱਲ : ਗੁਰਮਤਿ ਪ੍ਰਚਾਰ
ਪ੍ਰਕਾਸ਼ਕ : ਸ੍ਰੀ ਗੁਰੂ ਤੇਗ ਬਹਾਦਰ ਮੈਮੋਰੀਅਲ ਸੋਸਾਇਟੀ, ਫਰੀਦਕੋਟ ।

ਗੁਰੂ ਤੇਗ ਬਹਾਦਰ ਜੀ (1621-1675) ਦੀ ਜੀਵਨੀ, ਰਚਨਾ, ਸਿਖਿਆ ਅਤੇ ਸ਼ਹੀਦੀ ਤੋਂ ਸਾਨੂੰ ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਆਦਿ ਬੁਰਾਈਆਂ ਤੋਂ ਦੂਰ ਰਹਿਣ ਲਈ ਪ੍ਰੇਰਨਾ ਮਿਲਦੀ ਹੈ। ਉਹਨਾਂ ਦੇ ਰਚੇ ਹੋਏ 59 ਸ਼ਬਦਾਂ ਅਤੇ 57 ਸਲੋਕਾਂ ਵਿਚ ਸਾਡਾ ਮਾਰਗ-ਦਰਸ਼ਨ ਕੀਤਾ ਗਿਆ ਹੈ।

ਵਿਚਾਰ-ਅਧੀਨ ਪੁਸਤਕ ਵਿਚ ਗੁਰੂ ਸਾਹਿਬ ਨਾਲ ਸਬੰਧਿਤ 32 ਵਿਭਿੰਨ ਲੇਖ ਸੰਕਲਿਤ ਹਨ, ਜੋ ਕ੍ਰਮਵਾਰ ਪੰਜਾਬੀ (19) ਹਿੰਦੀ (8) ਅਤੇ ਅੰਗਰੇਜ਼ੀ (5) ਭਾਸ਼ਾਵਾਂ ਵਿਚ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਇਸ ਪੁਸਤਕ ਵਿਚ ਲਗਭਗ ਹਰ ਭਾਰਤੀ ਦੀ ਭਾਸ਼ਾ ਅਨੁਸਾਰ ਲੇਖ ਦਰਜ ਹਨ ।

ਸੰਪਾਦਕ ਨੇ ਇਹ ਕੋਸ਼ਿਸ਼ ਕੀਤੀ ਹੈ ਕਿ ਇਸ ਵਿਚ ਗੁਰੂ ਸਾਹਿਬ ਦੀ ਜ਼ਿੰਦਗੀ ਦੇ ਹਰੇਕ ਪਹਿਲੂ ਨੂੰ ਪ੍ਰਸਤੁਤ ਕੀਤਾ ਜਾ ਸਕੇ। ਇਸੇ ਲਈ ਆਪ ਦੀ ਬਾਣੀ ਦਾ ਅਧਿਐਨ ਭਗਤੀ, ਤਿਆਗ, ਬਹਾਦਰੀ, ਨੈਤਿਕਤਾ, ਰਾਗ-ਵੇਰਵਾ, ਮਨੋ ਵਿਗਿਆਨਕ ਪੱਖ, ਗੁਰੂ-ਮਹਿਲ, ਗੁਰੂ-ਮਾਤਾ ਦਾ ਯੋਗਦਾਨ, ਗੁਰਮਤਿ ਪ੍ਰਚਾਰ, ਸਹਿਨਸ਼ੀਲਤਾ, ਆਪਾ-ਬਲੀਦਾਨ ਅਤੇ ਸ਼ਹੀਦੀ ਆਦਿ ਪ੍ਰਸੰਗਾਂ ਨੂੰ ਸੁਚੱਜੇ ਢੰਗ ਨਾਲ ਬਿਆਨ ਕੀਤਾ ਗਿਆ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਨੇ ਗੁਰੂ ਸਾਹਿਬ ਦੀ ਜੀਵਨ ਸਾਖੀ ਬਾਰੇ ਵਿਸਤ੍ਰਿਤ ਲੇਖ ਲਿਖਿਆ ਹੈ; ਪ੍ਰੋ. ਜੋਗਿੰਦਰ ਸਿੰਘ ਨੇ ਮਾਤਾ ਨਾਨਕੀ ਦੇ ਯੋਗਦਾਨ ਬਾਰੇ ਚਾਨਣਾ ਪਾਇਆ ਹੈ; ਡਾ. ਪੁਸ਼ਪਾ ਸੂਰੀ ਨੇ ਗੁਰੂ-ਮਹਿਲ ਬਾਰੇ ਲੇਖ ਲਿਖਿਆ ਹੈ; ਡਾ. ਫੌਜਾ ਸਿੰਘ ਤੇ ਡਾ. ਤਾਰਨ ਸਿੰਘ ਨੇ ਆਪਣੇ ਸਾਂਝੇ ਲੇਖ ਵਿਚ ਗੁਰੂ ਸਾਹਿਬ ਦੇ ਜੀਵਨ, ਸਿਧਾਂਤ ਅਤੇ ਪ੍ਰਾਪਤੀਆਂ ਦਾ ਵੇਰਵਾ ਦਿਤਾ ਹੈ। ਇਸ ਪ੍ਰਕਾਰ ਡਾ. ਦੀਵਾਨ ਸਿੰਘ: ਪ੍ਰੋ. ਨਵ ਸੰਗੀਤ, ਸਿੰਘ, ਡਾ. ਸ਼ਮਸ਼ੇਰ ਸਿੰਘ, ਸ. ਦਵਿੰਦਰ ਸਿੰਘ ਡਾ. ਬਲਬੀਰ ਸਿੰਘ ਦਿਲ, ਡਾ. ਟੀ ਆਰ ਵਿਨੋਦ, ਡਾ. ਬਲਕਾਰ ਸਿੰਘ, ਡਾ. ਮਨਮੋਹਨ ਸਿੰਘ, ਡਾ. ਮਹਿੰਦਰ ਕੌਰ ਗਿੱਲ,

ਡਾ ਹਰਨਾਮ ਸਿੰਘ ਸ਼ਾਨ ਅਤੇ ਡਾ ਹਰਿਮਿੰਦਰ ਸਿੰਘ ਬੇਦੀ ਆਦਿ ਵਿਦਵਾਨਾਂ ਨੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਭਿੰਨ ਲੇਖ ਲਿਖੇ ਹਨ । ਪਾਕਿਸਤਾਨ ਦੇ ਜਨਾਬ ਇਲੀਅਸ ਘੁੰਮਣ ਦਾ ਵੀ ਇਕ ਲੇਖ ਅੰਕਿਤ ਹੈ, ਜਿਸ ਵਿਚ ਉਹਨੇ ਗੁਰੂ ਸਾਹਿਬ ਨੂੰ ਅਹਿੰਸਾ ਦੇ ਪ੍ਰਚਾਰਕ ਵਜੋਂ ਪੇਸ਼ ਕੀਤਾ ਹੈ ।

ਹਿੰਦੀ ਭਾਗ ਦੇ ਲੇਖਾਂ ਵਿਚ ਜੋ ੪ ਲੇਖ ਦਰਜ ਹਨ, ਉਹਨਾਂ ਵਿਚ ਡਾ. ਧਰਮਪਾਲ ਸਿੰਘਲ (ਦਾਰਸ਼ਨਿਕ ਸਿਧਾਂਤ), ਡਾ, ਸ਼ਿਵ ਕੁਮਾਰ ਸ਼ਾਂਡਿਲ (ਸੰਸਕ੍ਰਿਤਕ ਸਮਨਵੇ), ਡਾ. ਨਿਰਮਲ ਕੌਸ਼ਿਕ (ਅਤੇ ਪਦ) ਡਾ. ਮਨਮੋਹਨ ਸਹਿਗਲ (ਨਿਰਭੈਤਾ), ਡਾ. ਪਵਨ ਜੈਨ (ਮਨੋਵਿਗਿਆਨਕ ਦ੍ਰਿਸ਼ਟੀ) ਡਾ. ਸਤੇਂਦਰ ਸ਼ਰਮਾ ਸੌਰਭ (ਅਧਿਆਤਮ ਪੱਖ), ਡਾ. ਸ਼ਮੀਰ ਸਿੰਘ (ਸੰਸਕ੍ਰਿਤਕ ਚੇਤਨਾ) ਅਤੇ ਡਾ. ਗੁਰਨਾਮ ਕੌਰ ਬੇਦੀ (ਬ੍ਰਹਮ ਦਾ ਸਰੂਪ) ਦੇ ਲੇਖ ਸ਼ਾਮਲ ਹਨ ।

ਸ੍ਰੀ ਕੇ. ਐਸ਼. ਰਾਜੂ ਆਈ. ਏ. ਐਸ. (ਸ਼ਹੀਦੀ), ਪ੍ਰਿੰ. ਗੁਰਚਰਨ ਸਿੰਘ (ਆਜ਼ਾਦੀ ਦੀ ਚੇਤਨਾ), ਡਾ. ਕੁਲਦੀਪ ਸਿੰਘ (ਸਿਖਿਆਵਾਂ) ਅਤੇ ਡਾ. ਐਸ. ਆਰ. ਸ਼ਾਰਧਾ (ਸੰਦੇਸ਼) ਨੇ ਅੰਗਰੇਜ਼ੀ ਵਿਚ ਲੇਖ ਲਿਖ ਕੇ ਇਸ ਪੁਸਤਕ ਦੇ ਗੌਰਵ ਨੂੰ ਵਧਾਇਆ ਹੈ । ਭਾਗ ਦੇ ਆਖਰੀ ਲੇਖ ਵਜੋਂ ਪ੍ਰੋ. ਹਰਬੰਸ ਸਿੰਘ, ਮਸੂਰੀ ਨੇ ਗੁਰੂ ਸਾਹਿਬ ਦੀ ਬਾਣੀ ਦਾ ਅੰਗਰੇਜ਼ੀ ਅਨੁਵਾਦ ਕੀਤਾ ਹੈ ।

'8 ਦਸੰਬਰ 1993 ਨੂੰ ਗੁਰੂ ਜੀ ਦੇ ਸ਼ਹੀਦੀ ਦਿਵਸ ਤੇ ਫਰੀਦਕੋਟ ਵਿਖੇ ਰੀਲੀਜ਼ ਕੀਤੀ ਇਸ ਪੁਸਤਕ ਦਾ ਸਰਵਰਕ, ਗੈਟਅਪ ਅਤੇ ਛਪਾਈ ਬਹੁਤ ਪ੍ਰਭਾਵਸ਼ਾਲੀ ਅਤੇ ਸੁੰਦਰ ਹੈ, ਜਿਸ ਤੋਂ ਸੰਪਾਦਕ ਦੀ ਮਿਹਨਤ ਝਲਕਦੀ ਸਾਫ਼ ਨਜ਼ਰ ਆਉਂਦੀ ਹੈ ।

ਅੰਤ ਵਿਚ ਇਹ ਕਹਿਣਾ ਕਾਫੀ ਪ੍ਰਾਸੰਗਿਕ ਹੋਵੇਗਾ ਕਿ 295 ਪੰਨਿਆਂ ਦੀ ਇਸ ਵੱਡ-ਆਕਾਰੀ ਪੁਸਤਕ ਨੂੰ ਮੁਫਤ ਰੂਪ ਵਿਚ ਗੁਰਮਤਿ ਪ੍ਰਚਾਰ ਵਾਸਤੇ ਵੰਡਣਾ ਸਚਮੁਚ ਸ਼ੁਭ-ਕਦਮ ਹੈ, ਜਿਸ ਨੂੰ ਜੀ ਆਇਆਂ ਕਹਿਣਾ ਬਣਦਾ ਹੈ । ਇਸ ਸਮੁਚੇ ਕਾਰਜ ਲੀਏ ਸ੍ਰੀ ਗੁਰੂ ਤੇਗ ਬਹਾਦਰ ਮੈਮੋਰੀਅਲ ਸੁਸਾਇਟੀ ਅਤੇ ਸੰਪਾਦਕ ਸ੍ਰੀ ਐਮ. ਜੀ. ਗੁਪਤਾ ਵਧਾਈ ਦੇ ਪਾਤਰ ਹਨ । ਸਾਨੂੰ ਉਮੀਦ ਹੈ ਕਿ ਨਾਨਕ-ਨਾਮ-ਲੇਵਾ ਸਮੂਹ ਵਿਅਕਤੀ ਇਸ ਪੁਸਤਕ ਤੋਂ ਲਾਭ ਉਠਾਉਣਗੇ ਅਤੇ ਗੁਰੂ ਸਾਹਿਬ ਦੀਆਂ ਸਿਖਿਆਵਾਂ ਤੇ ਚਲਦੇ ਹੋਏ, ਅਭਿਮਾਨ ਦਾ ਤਿਆਗ ਕਰਕੇ 'ਕਰਤਾ ਪੁਰਖ' ਦੀ ਪਹਿਚਾਣ ਕਰ ਲੈਣਗੇ; ਕਿਉਂਕਿ :

ਜਿਹਿ ਪ੍ਰਾਨੀ ਹਉਮੈ ਤਜੀ
ਕਰਤਾ ਰਾਮੁ ਪਛਾਨਿ ॥
ਕਹੁ ਨਾਨਕ ਵਹੁ ਮੁਕਤਿ ਨਰੁ
ਇਹ ਮਨ ਸਾਚੀ ਮਾਨੁ ॥

ਪ੍ਰੋ. ਨਵ ਸੰਗੀਤ ਸਿੰਘ,
5156, ਅਰਬਨ ਅਸਟੇਟ-II,
ਪਟਿਆਲਾ-147002.